# ਦਫ਼ਤਰ ਡਿਪਟੀ ਕਮਿਸ਼ਨਰ,ਬਰਨਾਲਾ

**COVID-19**

(ਐਮ.ਏ. ਸ਼ਾਖਾ)

ਹੁਕਮ:ਐਮ.ਏ./119954/ 228 ਮਿਤੀ: 20/04/2020

## ਦਫ਼ਤਰੀ ਹੁਕਮ

ਕੋਰੋਨਾਵਾਇਰਸ(ਕੋਵਿਡ-19) ਨੂੰ ਫੈਲਣ ਤੋਂ ਰੋਕਣ ਲਈ ਅਤੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਰਾਜ ਅੰਦਰ ਮਿਤੀ:23-03-2020 ਤੋਂ ਲਗਾਤਾਰ ਕਰਫਿਊ ਜਾਰੀ ਹੈ। ਕਿਸਾਨਾਂ ਵਲੋਂ ਜਰੂਰੀ ਵਸਤੂਆਂ ਦੀ ਖਰੀਦ ਤੇ ਪੈਸੇ ਦਾ ਲੈਣ-ਦੇਣ ਕੋ-ਆਪਰੇਟਿਵ ਸੁਸਾਇਟੀਆਂ ਨਾਲ ਕੀਤਾ ਜਾਣਾ ਹੁੰਦਾ ਹੈ। ਹੁਣ ਕਣਕ ਦਾ ਸੀਜ਼ਨ ਵੀ ਸ਼ੁਰੂ ਹੋ ਚੁੱਕਾ ਹੈ ਅਤੇ ਅੱਗੇ ਸਾਉਣੀ ਦੀ ਬੀਜਾਈ ਦਾ ਕੰਮ ਵੀ ਸ਼ੁਰੂ ਹੋਵੇਗਾ। ਇਸ ਸਬੰਧੀ ਜਰੂਰੀ ਵਸਤੂਆਂ ਦੀ ਪੂਰਤੀ ਕਰਵਾਉਣ ਵਿੱਚ ਕੋ-ਆਪਰੇਟਿਵ ਸੁਸਾਇਟੀਆਂ ਦਾ ਅਹਿਮ ਰੋਲ ਹੁੰਦਾ ਹੈ। ਇਹਨਾਂ ਗੱਲਾਂ ਨੂੰ ਮੁੱਖ-ਰਖਦੇ ਹੋਏ ਜਿਲ੍ਹਾ ਬਰਨਾਲਾ ਦੀਆਂ ਕੋ-ਆਪਰੇਟਿਵ ਸੁਸਾਇਟੀਆਂ ਨੂੰ ਹੇਠ ਲਿਖੇ ਅਨੁਸਾਰ ਕਰਫਿਊ ਤੋਂ ਛੋਟ ਦਿੱਤੀ ਜਾਂਦੀ ਹੈ :-

1. ਜਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਸਾਰੀਆਂ ਕੋ-ਆਪਰੇਟਿਵ ਸੁਸਾਇਟੀਆਂ **ਸਵੇਰੇ 09.00 ਵਜੇ ਤੋਂ ਸ਼ਾਮ 05.00 ਵਜੇ** ਤੱਕ ਖੋਲੀਆਂ ਜਾਣਗੀਆਂ।
2. ਕੋਈ ਵੀ ਵਿਅਕਤੀ/ਕਿਸਾਨ ਇਹਨਾਂ ਕੋ-ਆਪਰੇਟਿਵ ਸੁਸਾਇਟੀਆਂ ਵਿੱਚੋਂ ਪੈਸੇ ਕਢਵਾਉਣ ਲਈ ਜਾ ਸਕਦਾ ਹੈ। ਪੈਸੇ ਕਢਵਾਉਣ ਵਾਲੇ ਵਿਅਕਤੀ/ਕਿਸਾਨ ਦੀ ਪਾਸਬੁੱਕ ਹੀ ਉਸਦੇ ਆਉਣ-ਜਾਣ ਲਈ ਕਰਫਿਊ ਦੇ ਤੌਰ ਤੇ ਕੰਮ ਵਿੱਚ ਲਈ ਜਾ ਸਕੇਗੀ।
3. ਕੋ-ਆਪਰੇਟਿਵ ਸੁਸਾਇਟੀਆਂ ਦੇ ਸੈਕਟਰੀ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਗੇ ਕਿ ਸੁਸਾਇਟੀਆਂ ਵਿੱਚ ਜਿਆਦਾ ਭੀੜ ਨਾ ਹੋਵੇ। ਸੈਕਟਰੀ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਸਟਾਫ/ਲੋਕਾਂ ਵਿੱਚਕਾਰ Social Distance ਸਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਸੋਸ਼ਲ ਡਿਸਟੈਂਸਿੰਗ ਲਈ ਚਿੱਟੇ ਰੰਗ ਦੇ ਗੋਲੇ ਮਾਰਕ ਕਰਵਾਏ ਜਾਣ ਜਿਹਨਾਂ ਵਿੱਚ ਘੱਟੋ-ਘੱਟ 2 ਵਿਅਕਤੀਆਂ ਦਰਮਿਆਨ 2 ਮੀਟਰ ਦਾ ਫਾਸਲਾ ਰੱਖਿਆ ਜਾਵੇ ਤਾਂ ਜੋ ਕੋਰੋਨਾਵਾਇਰਸ ਦੀ ਬਿਮਾਰੀ ਨਾ ਫੈਲੇ। ਸੈਕਟਰੀ,ਕੋ-ਆਪਰੇਟਿਵ ਸੁਸਾਇਟੀਆਂ ਵੱਲੋਂ ਸਿਹਤ ਵਿਭਾਗ ਦੀਆਂ ਕੋਵਿਡ-19 ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਈਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇਗੀ। ਕੋ-ਆਪਰੇਟਿਵ ਸੁਸਾਇਟੀਆਂ ਦੇ ਦਰਵਾਜਿਆਂ ਦੇ ਹੈਂਡਲਾਂ ਨੂੰ ਸਮੇਂ-ਸਮੇਂ ਤੇ ਸੈਨੇਟਾਈਜ਼ ਕੀਤੇ ਜਾਵੇਗਾ ਅਤੇ ਕੋ-ਆਪਰੇਟਿਵ ਸੁਸਾਇਟੀਆਂ ਵਿੱਚ ਕੰਮ ਕਰਦੇ ਕਰਮਚਾਰੀਆਂ ਵਲੋਂ ਫੇਸ ਮਾਸਕ ਅਤੇ ਸੈਨੇਟਾਇਜਰ ਦੀ ਵਰਤੋਂ ਵੀ ਯਕੀਨੀ ਬਣਾਈ ਜਾਵੇਗੀ।
4. ਆਨ ਡਿਊਟੀ ਕੋ-ਆਪਰੇਟਿਵ ਸੁਸਾਇਟੀਆਂ ਦੇ ਕਰਮਚਾਰੀਆਂ ਦੇ ਆਈ ਕਾਰਡ ਹੀ ਕਰਫਿਊ ਪਾਸ ਦੇ ਤੌਰ ਤੇ ਵਰਤੇ ਜਾ ਸਕਦੇ ਹਨ।

ਸੀਨੀਅਰ ਕਪਤਾਨ ਪੁਲਿਸ ਬਰਨਾਲਾ, ਉਪ ਮੰਡਲ ਮੈਜਿਸਟਰੇਟ ਬਰਨਾਲਾ/ਤਪਾ ਅਤੇ ਡਿਪਟੀ ਰਜਿਸਟਰਾਰ ਕੋ-ਆਪਰੇਟਿਵ ਸੁਸਾਇਟੀ ਬਰਨਾਲਾ/ਸਹਾਇਕ ਰਜਿਸਟਰਾਰ ਕੋ-ਆਪਰੇਟਿਵ ਸੁਸਾਇਟੀ ਬਰਨਾਲਾ ਉਕਤ ਅਨੁਸਾਰ ਹੁਕਮਾਂ ਨੂੰ ਜਿਲ੍ਹਾ ਬਰਨਾਲਾ ਅੰਦਰ ਲਾਗੂ ਕਰਵਾਉਣ ਦੇ ਜਿੰਮੇਵਾਰ ਹੋਣਗੇ।

ਉਕਤ ਅਨੁਸਾਰ ਦਿੱਤੀ ਗਈ ਛੋਟ ਇਸ ਦਫ਼ਤਰ ਵੱਲੋਂ ਘੋਸ਼ਿਤ ਕੀਤੇ ਗਏ/ਕੀਤੇ ਜਾਣ ਵਾਲੇ Containment Zone ਅੰਦਰ ਲਾਗੂ ਨਹੀਂ ਹੋਵੇਗੀ।

ਇਹ ਹੁਕਮ ਅੱਜ ਮਿਤੀ: 20/04/2020 ਨੂੰ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ।

ਤੇਜ ਪ੍ਰਤਾਪ ਸਿੰਘ ਫੂਲਕਾ ਆਈ.ਏ.ਐਸ

**ਜਿਲ੍ਹਾ ਮੈਜਿਸਟਰੇਟ,ਬਰਨਾਲਾ।**

**ਪਿੱਠ ਅੰਕਣ ਨੰ. ਐਮ.ਏ/119954/** 7700-13 **ਮਿਤੀ:** 20/4/2020

ਉਕਤ ਹੁਕਮ ਦਾ ਇਕ ਉਤਾਰਾ ਨਿਮਨਲਿਖਤ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
3. ਕਮਿਸ਼ਨਰ ਪਟਿਆਲਾ ਮੰਡਲ, ਪਟਿਆਲਾ।
4. ਸੀਨੀਅਰ ਪੁਲਿਸ ਕਪਤਾਨ ਬਰਨਾਲਾ।
5. ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ।
6. ਮੁੱਖ ਖੇਤੀਬਾੜੀ ਅਫ਼ਸਰ,ਬਰਨਾਲਾ।
7. ਜਿਲ੍ਹਾ ਮੰਡੀ ਅਫ਼ਸਰ,ਬਰਨਾਲਾ।
8. ਡਿਪਟੀ ਰਜਿਸਟਰਾਰ, ਕੋ-ਆਪਰੇਟਿਵ ਸੁਸਾਇਟੀ, ਬਰਨਾਲਾ/ਸਹਾਇਕ ਰਜਿਸਟਰਾਰ,ਕੋ-ਆਪਰੇਟਿਵ ਸੁਸਾਇਟੀ,ਬਰਨਾਲਾ।
9. ਜਿਲ੍ਹਾ ਲੋਕ ਸਪੰਰਕ ਅਫਸਰ,ਬਰਨਾਲਾ।
10. ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ),ਦਫ਼ਤਰ ਹਜਾ ਪਾਸ ਸੂਚਨਾਂ ਹਿਤ।

ਜਿਲ੍ਹਾ ਮੈਜਿਸਟਰੇਟ

ਬਰਨਾਲਾ।